ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030317
Available online at: www.armaan.org.in
DOI: https://doi.org/10.64119/armaan.vol.3.issue3.17

# ਡਾ. ਜਗਤਾਰ ਕਾਵਿ: ਸਮਾਜਕ ਤੇ ਰਾਜਸੀ ਚੇਤਨਾ

# DR. JAGTAR KAAV: SMAJAK TE RAJSI CHETNA

**ਬੇਅੰਤ ਸਿੰਘ ਸਰਾਂ** (Beant Singh Sran)

**ਸਹਾਇਕ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ,ਤਰਨ ਤਾਰਨ** (ਪੰਜਾਬ)

Email ID: beantsinghsran89@gmail.com ਮੋਬਾਈਲ: +91- 94648-74570

**ਸਾਰ (Abstract)**

*ਡਾ. ਜਗਤਾਰ ਪੰਜਾਬੀ ਕਵਿਤਾ ਦਾ ਪ੍ਰਸਿੱਧ ਹਸਤਾਖ਼ਰ ਹੈ। ਉਸਨੇ 1957 ਵਿਚ ਆਪਣੀ ਪਹਿਲੀ ਕਾਵਿ ਪੁਸਤਕ ਰੁੱਤਾਂ ਰਾਂਗਲੀਆਂ ਰਾਹੀਂ ਪੰਜਾਬੀ ਸਾਹਿਤ ਦੇ ਖੇਤਰ ਵਿਚ ਕਦਮ ਰੱਖਿਆ। ਡਾ. ਜਗਤਾਰ ਨੇ ਕਵਿਤਾ, ਨਜ਼ਮ, ਗੀਤ, ਗਜ਼ਲ ਆਦਿ ਰੂਪਾਕਾਰਾਂ ਨੂੰ ਅਪਣਾਇਆ ਹੈ। ਉਹ ਅਜੋਕੇ ਸਮਾਜ ਵਿਚਲੇ ਗੁੰਝਲਦਾਰ ਜੀਵਨ ਵਰਤਾਰੇ ਨੂੰ ਹਰ ਪੱਖ ਤੋਂ ਪੇਸ਼ ਕਰਨ ਵਾਲਾ ਸਮਰੱਥ ਸ਼ਾਇਰ ਹੈ। ਡਾ. ਜਗਤਾਰ ਕਵਿਤਾ ਰਾਹੀਂ ਆਮ ਵਿਅਕਤੀ ਦੀ ਦੁਖਾਂਤਕ ਅਵਸਥਾ, ਦਲਿਤ ਪੀੜਾ ਆਦਿ ਦੇ ਨਾਲ -ਨਾਲ ਧਾਰਮਕ, ਸਮਾਜਕ ਅਤੇ ਰਾਜਨੀਤਕ ਦੁਰਵਿਵਸਥਾਵਾਂ ਅਤੇ ਆਧੁਨਿਕਤਾ ਦੀਆਂ ਚੁਣੌਤੀਆਂ ਨੂੰ ਸੂਖਮ ਢੰਗ ਨਾਲ ਪ੍ਰਤੀਬਿੰਬਤ ਕਰਦਾ ਹੈ। ਦੁੱਧ ਪਥਰੀ, ਜੁਗਨੂੰ ਦੀਵਾ ਤੇ ਦਰਿਆ, ਲਹੂ ਦੇ ਨਕਸ਼ ਵਰਗੇ ਕਾਵਿ ਸੰਗ੍ਰਹਿ ਸਮਾਜਕ ਵਿਵਸਥਾ ਦਾ ਪਾਜ ਉਘਾੜਦੇ ਹੋਏ ਯਥਾਰਥਕ ਤਸਵੀਰ ਪੇਸ਼ ਕਰਦੇ ਹਨ। ਉਸਦੀ ਸਮੁੱਚੀ ਕਾਵਿ ਰਚਨਾ ਪੰਜਾਬੀ ਸਮਾਜ ਦੇ ਸੰਕਟ, ਮਾਨਵ ਸੰਤਾਪ, ਪਿਆਰ ਅਤੇ ਲੋਕ ਪੀੜਾ ਨੂੰ ਸੰਵੇਦਨਸ਼ੀਲਤਾ ਨਾਲ ਪ੍ਰਗਟ ਕਰਦੀ ਹੋਈ ਚੇਤਨਾ ਪੈਦਾ ਕਰਦੀ ਹੈ। ਹਥਲੇ ਖੋਜ ਪੱਤਰ ਰਾਹੀਂ ਡਾ. ਜਗਤਾਰ ਕਾਵਿ ਵਿਚਲੀ ਸਮਾਜਕ ਅਤੇ ਰਾਜਸੀ ਚੇਤਨਾ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।*

***ਕੀਵਰਡ (Keyword): ਸਮਾਜਕ ਤੇ ਰਾਜਸੀ ਚੇਤਨਾ, ਸਮੂਹਿਕ ਸੰਘਰਸ਼, ਸਮਾਜਕ ਬਰਾਬਰੀ, ਦਲਿਤ ਵਰਗ, ਰਾਜਸੀ ਗੁਲਾਮੀ, ਮਨੁੱਖੀ ਸ਼ੋਸ਼ਣ, ਮਾਨਵਵਾਦੀ ਵਿਚਾਰਧਾਰਾ।***

ਡਾ. ਜਗਤਾਰ ਨੂੰ ਪੰਜਾਬੀ ਸਾਹਿਤ ਵਿਚ ਇਕ ਪ੍ਰਸਿੱਧ ਹਸਤਾਖ਼ਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਉਸ ਨੇ ਆਪਣੇ ਕਾਵਿ ਸਫ਼ਰ ਦੀ ਸ਼ੁਰੂਆਤ 1957 ਵਿਚ ਪਹਿਲੀ ਕਾਵਿ ਪੁਸਤਕ ਰੁੱਤਾਂ ਰਾਂਗਲੀਆਂ ਨਾਲ ਕੀਤੀ। ਉਹ ਨਜ਼ਮ, ਗੀਤ, ਗਜ਼ਲ ਆਦਿ ਰੂਪਾਂ ਰਾਹੀਂ ਪੰਜਾਬੀ ਕਵਿਤਾ ਨੂੰ ਨਵੇਂ ਮਿਆਰ ਅਤੇ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਵਾਲਾ ਕਵੀ ਹੈ। ਉਸਨੇ ਦੁੱਧ ਪਥਰੀ, ਜੁਗਨੂੰ ਦੀਵਾ ਤੇ ਦਰਿਆ, ਪ੍ਰਵੇਸ਼ ਦੁਆਰ, ਜਜ਼ੀਰਿਆ ਵਿਚ ਘਿਰਿਆ ਸਮੁੰਦਰ, ਲਹੂ ਦੇ ਨਕਸ਼, ਸ਼ੀਸ਼ੇ ਦਾ ਜੰਗਲ ਆਦਿ ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ ਹਨ। ਡਾ. ਜਗਤਾਰ ਦੀਆਂ ਰਚਨਾਵਾਂ ਵਿਚ ਸਮਾਜਕ, ਰਾਜਸੀ, ਧਾਰਮਕ, ਆਧੁਨਿਕਤਾ, ਦਲਿਤ ਵਰਗ ਆਦਿ ਨਾਲ ਸਬੰਧਤ ਸਰੋਕਾਰਾਂ ਦੀ ਪੇਸ਼ਕਾਰੀ ਮਿਲਦੀ ਹੈ। ਜਿਸ ਕਰਕੇ ਉਸਦੀ ਸ਼ਾਇਰੀ ਵਿਚੋਂ ਪੰਜਾਬ ਸੰਕਟ, ਮਾਨਵੀ ਸੰਤਾਪ, ਪਿਆਰ, ਲੋਕ ਪੀੜਾ ਵੀ ਉਜਾਗਰ ਹੁੰਦੀ ਹੈ।

ਹਥਲੇ ਖੋਜ ਪੱਤਰ ਵਿੱਚ ਡਾ. ਜਗਤਾਰ ਦੀ ਕਾਵਿ ਰਚਨਾ ਵਿੱਚ ਪੇਸ਼ ਹੋਈ ਸਮਾਜਕ ਤੇ ਰਾਜਸੀ ਚੇਤਨਾ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਸਾਹਿਤ ਨੂੰ ਸਮਾਜ ਸ਼ੀਸ਼ਾ ਕਿਹਾ ਜਾਂਦਾ ਹੈ। ਸਾਹਿਤ ਦੇ ਕਰਤੱਵ ਬਾਰੇ ਵਿਸ਼ੇਸ਼ ਕਰਕੇ ਦੋ ਰਾਵਾਂ ਪ੍ਰਚਲਿਤ ਹਨ:

> *ਇਕ ਇਹ ਕਿ ਸਾਹਿਤ ਦਾ ਕੰਮ ਸਮਕਾਲੀ ਜੀਵਨ ਦਾ ਪ੍ਰਤੀਬਿੰਬ ਪੇਸ਼ ਕਰਨਾ ਹੀ ਹੁੰਦਾ ਹੈ, ਦੂਜੀ ਇਹ ਕਿ ਸਾਹਿਤ ਦਾ ਕੰਮ ਜੀਵਨ ਨੂੰ ਸੇਧ ਦੇਣਾ ਹੀ ਹੁੰਦਾ ਹੈ। ਇਹਨਾਂ ਤਿੰਨਾਂ ਵਿਚੋਂ ਹੀ ਇਕ ਤੀਜੀ ਰਾਏ ਉਤਪੰਨ ਹੋਈ ਹੈ ਕਿ ਸਾਹਿਤ ਦਾ ਕੰਮ ਜੀਵਨ ਦੀ ਅਲੋਚਨਾ ਕਰਨਾ ਹੁੰਦਾ ਹੈ। ਲਗਭਗ ਸਾਰੇ ਸਾਹਿਤਕਾਰ ਇਹਨਾਂ ਤਿੰਨਾ ਵਿਚੋਂ ਹੀ ਕਿਸੇ ਧਾਰਨਾ ਨੂੰ ਸਾਹਮਣੇ ਰੱਖ ਕੇ ਸਾਹਿਤ ਸਿਰਜਦੇ ਹਨ। ਇਸੇ ਲਈ ਕਈ ਵਾਰ ਬਹੁਤ ਸਾਰੇ ਸਾਹਿਤਕਾਰਾਂ ਵਿਚ ਫਰਕ ਦ੍ਰਿਸ਼ਟੀਕੋਣ ਦਾ ਨਹੀਂ ਹੁੰਦਾ, ਕਲਾ ਪੱਧਰ ਦਾ ਹੀ ਹੁੰਦਾ ਹੈ ਪਰ ਮੇਰੇ ਵਿਚਾਰ ਵਿਚ, ਚਿੰਤਨ ਦੇ ਪੱਖ ਤੋਂ,ਉੱਤਮ ਸਾਹਿਤ ਉਹ ਹੁੰਦਾ ਹੈ ਜਿਹੜਾ ਇਹਨਾਂ ਤਿੰਨਾਂ ਜਾਂ ਪਹਿਲੀਆਂ ਦੋ ਰਾਵਾਂ ਦਾ ਸੁਮੇਲ ਪੇਸ਼ ਕਰਦਾ ਹੈ। ਜਗਤਾਰ ਕਾਵਿ ਪੁਸਤਕ ਦੁੱਧ ਪਥਰੀ 'ਚੋਂ ਮੈਨੂੰ ਅਜਿਹੇ ਸੁਮੇਲ ਦੇ ਹੀ ਦਰਸ਼ਨ ਹੁੰਦੇ ਹਨ।"*[1]


Received: 11 August 2025 Accepted: 28 August 2025 Published: 05 September 2025

ਡਾ. ਇਕਬਾਲ ਸਿੰਘ ਨੇ ਇਹ ਧਾਰਨਾ ਬੇਸ਼ੱਕ ਦੁੱਧ ਪਥਰੀ ਕਾਵਿ ਪੁਸਤਕ ਅਧਾਰਿਤ ਸਥਾਪਤ ਕੀਤੀ ਹੈ ਪਰੰਤੂ ਡਾ. ਜਗਤਾਰ ਦੀਆਂ ਹੋਰਨਾਂ ਕਾਵਿ ਪੁਸਤਕਾਂ ਵਿਚਲੀਆਂ ਰਚਨਾਵਾਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਧਾਰਨਾ ਉਹਨਾਂ ਉਪਰ ਵੀ ਢੁੱਕਦੀ ਪ੍ਰਤੀਤ ਹੁੰਦੀ ਹੈ, ਕਿਉਂ ਕਿ ਡਾ. ਜਗਤਾਰ ਦੀਆਂ ਕਾਵਿ ਰਚਨਾਵਾਂ ਸਾਡੇ ਸਮਾਜਕ ਤੇ ਰਾਜਸੀ ਢਾਂਚੇ ਦਾ ਯਥਾਰਥਕ ਚਿਤਰਨ ਹੀ ਨਹੀਂ ਕਰਦੀਆਂ ਬਲਕਿ ਇਸ ਦੀਆਂ ਕਮੀਆਂ ਪ੍ਰਤੀ ਸਮਾਜ ਨੂੰ ਸਮੂਹਿਕ ਸੰਘਰਸ਼ ਲਈ ਚੇਤਨਾ ਵੀ ਪ੍ਰਦਾਨ ਕਰਦੀਆਂ ਹਨ।

ਡਾ. ਜਗਤਾਰ ਕਾਵਿ ਵਿਚਲੀ ਸਮਾਜਕ ਚੇਤਨਾ ਬਾਰੇ ਅਧਿਐਨ ਕਰਨ ਤੋਂ ਪਹਿਲਾਂ ਸਮਾਜ ਬਾਰੇ ਜਾਣ ਲੈਣਾ ਉਚਿਤ ਹੋਵੇਗਾ। ਮਨੁੱਖ ਇਕ ਸਮਾਜਕ ਜੀਵ ਹੈ। ਸੁਭਾਵਕ ਤੌਰ 'ਤੇ ਮਨੁੱਖ ਇਕੱਲਾ ਨਹੀਂ ਵਿਚਰ ਸਕਦਾ। ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਉਸਨੂੰ ਦੂਸਰਿਆਂ ਉਤੇ ਨਿਰਭਰ ਰਹਿਣਾ ਪੈਂਦਾ ਹੈ। ਇਹ ਲੋਕ ਇਕ ਦੂਜੇ ਨਾਲ ਮਿਲਵਰਤਨ ਵਿਚ ਬੱਝ ਕੇ ਸਮਾਜ ਬਣਾਉਂਦੇ ਹਨ। ਇਹਨਾਂ ਦੀਆਂ ਲੋੜਾਂ ਅਤੇ ਵਿਚਾਰ ਆਪਸ ਮਿਲਦੇ ਜੁਲਦੇ ਹਨ। ਆਪਸ ਵਿਚ ਮਿਲਵਰਤਨ ਹੋਣ ਕਾਰਨ ਬੋਲੀ, ਪਹਿਰਾਵਾ, ਕਦਰਾਂ- ਕੀਮਤਾਂ, ਖਾਣ-ਪੀਣ ਆਦਿ ਵਿਵਹਾਰ ਅਤੇ ਸਬੰਧਾਂ ਵਿਚ ਬੱਝਾ ਲੋਕਾਂ ਦਾ ਸਮੂਹ ਸਮਾਜ ਨੂੰ ਜਨਮ ਦਿੰਦਾ ਹੈ। ਸਮਾਜ ਵਿਗਿਆਨੀ ਜਿਮਬਰਗ ਦਾ ਵਿਚਾਰ ਹੈ,

*"ਸਮਾਜ ਵਿਅਕਤੀਆਂ ਦੇ ਉਸ ਸਮੂਹ ਨੂੰ ਆਖਦੇ ਹਨ, ਜੋ ਕੁਝ ਸਬੰਧਾਂ ਅਤੇ ਵਿਵਹਾਰਾਂ ਦੁਆਰਾ ਆਪਸ ਵਿਚ ਬੱਝੇ ਹੁੰਦੇ ਹਨ, ਉਹ ਲੋਕ ਸਮਾਜਕ ਸਬੰਧਾਂ ਵਿਚ ਸ਼ਾਮਲ ਨਹੀਂ ਹੁੰਦੇ, ਜਿਨ੍ਹਾਂ ਦਾ ਵਿਵਹਾਰ ਭਿੰਨ ਹੁੰਦਾ ਹੈ।"*[2]

ਮਨੁੱਖ ਸਮਾਜਕ ਹੋਣ ਜੀਵ ਦੇ ਨਾਲ- ਨਾਲ ਰਾਜਨੀਤਕ ਜੀਵ ਵੀ ਹੈ। ਉਹ ਆਪਣੀਆਂ ਰਾਜਨੀਤਕ ਪ੍ਰਵਿਰਤੀਆਂ ਦੀ ਪੂਰਤੀ ਹਿਤ ਰਾਜਨੀਤਕ ਸੰਗਠਨ ਬਣਾਉਂਦਾ ਹੈ। ਮਨੁੱਖ ਦੀ ਆਪਣੀ ਸੁਰੱਖਿਆ ਅਤੇ ਵਸੇਬੇ ਦੀ ਲੋੜ ਨੇ ਇਸ ਨੂੰ ਸਮਾਜ ਵਿਚ ਲਿਆਂਦਾ ਅਤੇ ਇਸ ਸਮਾਜਕ ਪ੍ਰਵਿਰਤੀ ਵਿਚੋਂ ਰਾਜ ਦੀ ਉਤਪਤੀ ਹੁੰਦੀ ਹੈ। ਰਾਜ ਦਾ ਪ੍ਰਬੰਧ ਚਲਾਉਣ ਲਈ ਰਾਜਨੀਤਕ ਢਾਂਚਾ ਹੁੰਦਾ ਹੈ। ਜਿਹੜਾ ਆਪਣੇ ਰਾਜ ਦੇ ਨਾਗਰਿਕਾਂ ਨੂੰ ਸਹੂਲਤਾਂ ਪ੍ਰਦਾਨ ਕਰਦਾ ਹੈ। ਵਰਤਮਾਨ ਸਮਾਜ ਵਿਚ ਮਨੁੱਖੀ ਜੀਵਨ ਦੇ ਹਰ ਪਹਿਲੂ ਦਾ ਸਿੱਧੇ ਅਸਿੱਧੇ ਰਾਜਨੀਤੀ ਨਾਲ ਸਬੰਧ ਜੁੜਦਾ ਹੈ।

ਕਿਸੇ ਵੀ ਸਮਾਜ ਦਾ ਸਮਾਜਕ ਢਾਂਚਾ ਅਤੇ ਰਾਜਸੀ ਢਾਂਚਾ ਇਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ। ਇਹ ਇਕ ਦੂਜੇ ਪ੍ਰਭਾਵਿਤ ਵੀ ਕਰਦੇ ਹਨ। ਜਦੋਂ ਰਾਜਨੀਤਕ ਸੰਸਥਾਵਾਂ ਅਤੇ ਨੀਤੀਆਂ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀਆਂ, ਤਦ ਇਹ ਵਿਵਸਥਾ ਸੰਘਰਸ਼ ਅਤੇ ਵਿਰੋਧ ਨੂੰ ਜਨਮ ਦਿੰਦੀ ਹੈ। ਰਾਜਨੀਤਕ ਪ੍ਰਬੰਧ ਹਮੇਸ਼ਾ ਸਰਮਾਏਦਾਰਾਂ ਦੇ ਹੱਕ ਵਿਚ ਭੁਗਤਦਾ ਰਿਹਾ ਹੈ। ਜਿਸ ਕਰਕੇ ਬੁਰਜੂਆ ਅਤੇ ਪ੍ਰੋਲਤਾਰੀ ਵਰਗ ਵਿਚ ਸੰਘਰਸ਼ ਵੀ ਚਲਦਾ ਰਹਿੰਦਾ ਹੈ। ਹਰ ਦੇਸ਼ ਵਿਚ ਇਹ ਸੰਘਰਸ਼ ਛੋਟੇ ਵੱਡੇ ਪੱਧਰ ਉੱਤੇ ਵੇਖਿਆ ਜਾ ਸਕਦਾ ਹੈ। ਡਾ. ਜਗਤਾਰ ਦੀ ਕਵਿਤਾ ਇਨ੍ਹਾਂ ਵਿਰੋਧਾਂ ਦੀ ਪਛਾਣ ਕਰਾਉਂਦੀ ਹੈ ਅਤੇ ਸਰਮਾਏਦਾਰੀ ਪ੍ਰਬੰਧ ਦੇ ਵਿਰੁੱਧ ਚੇਤਨਾ ਦਾ ਪਸਾਰ ਕਰਦੀ ਹੈ।

ਡਾ. ਜਗਤਾਰ ਦੀ ਕਾਵਿ ਸਿਰਜਣਾ ਵਿੱਚ ਸਮਾਜਕ ਅਤੇ ਰਾਜਨੀਤਕ ਯਥਾਰਥ ਦੀ ਨਿਪੁੰਨ ਅਭਿਵਿਅਕਤੀ ਮਿਲਦੀ ਹੈ। ਉਹ ਆਪਣੇ ਕਾਵਿ ਰਾਹੀਂ ਨਾ ਸਿਰਫ਼ ਸਮਾਜਕ ਮਸਲਿਆਂ ਨੂੰ ਉਜਾਗਰ ਕਰਦਾ ਹੈ, ਸਗੋਂ ਸਾਹਿਤ ਦੇ ਮੂਲ ਉਦੇਸ਼- ਸਮਾਜ ਨੂੰ ਚੇਤਨ ਕਰਨਾ, ਜਾਗਰੂਕ ਕਰਨਾ ਅਤੇ ਰਾਜਨੀਤਕ ਸੇਧ ਦੇਣਾ, ਨੂੰ ਕੇਂਦਰੀ ਸਥਾਨ ਦਿੰਦਾ ਹੈ। ਉਹ ਆਪਣੇ ਲਿਖਤ ਵਿਚ ਕਵੀ ਜਾਂ ਸ਼ਾਇਰ ਨੂੰ ਨਸੀਅਤ ਦਿੰਦਾ ਹੈ ਕਿ ਕਵਿਤਾ ਸਿਰਫ਼ ਸੁੰਦਰ ਭਾਵਨਾ ਜਾਂ ਅਨੁਭੂਤੀ ਦੀ ਅਭਿਵਿਅਕਤੀ ਦਾ ਮਾਧਿਅਮ ਨਹੀਂ ਹੋਣੀ ਚਾਹੀਦੀ, ਸਗੋਂ ਉਸ ਦੀ ਸਾਂਝ ਸਮਾਜ ਨਾਲ ਹੋਵੇ। ਕਵੀ ਨੂੰ ਸਮਾਜਕ ਅਤੇ ਰਾਜਨੀਤਕ ਮਕਸਦ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ। ਡਾ. ਜਗਤਾਰ ਦੀ ਸ਼ਾਇਰੀ ਵਿਚ ਪ੍ਰਗਤੀਸ਼ੀਲਤਾ, ਜੁਝਾਰਪਣ ਤੋਂ ਅਗਾਂਹ ਮਾਨਵਵਾਦੀ ਦ੍ਰਿਸ਼ਟੀਕੋਣ ਸਾਫ਼ ਦਿਸਦਾ ਹੈ ਜੋ ਕਿ ਉਨ੍ਹਾਂ ਦੀ ਲਿਖਤ ਨੂੰ ਸਮਾਜਕ ਬਦਲਾਅ ਦਾ ਸਾਧਨ ਬਣਾਉਂਦਾ ਹੈ। ਉਹ ਲਿਖਦਾ ਹੈ:

*ਮੈਂ ਨਹੀਂ ਕਹਿੰਦਾ ਕਿ ਜ਼ੁਲਫਾਂ ਦੇ ਤੁਸੀਂ ਗੀਤ ਨਾ ਗਾਓ*
*ਮੈਂ ਨਹੀਂ ਕਹਿੰਦਾ ਕਿ ਜ਼ੁਲਫਾਂ ਵਿਚ ਕਲੀਆਂ ਨਾ ਸਜਾਓ*
*ਨਾ ਕਿਸੇ ਮਹਿਬੂਬ ਤੋਂ ਪੱਲਾ ਛਡਾਓ*
*ਪਰ ਤੁਸੀ ਰੇਸ਼ਮ ਦੇ ਕੀੜੇ ਨਾ ਬਣੋ*
*ਸੂਖਮ ਤੰਦਾਂ ਚ ਜੋ*
*ਹੱਥ ਧੋ ਬਹਿੰਦੇ ਨੇ ਆਪਣੀ ਜਾਨ ਤੋਂ।* [3]

ਡਾ. ਜਗਤਾਰ ਅਨੁਸਾਰ ਸਮਾਜਕ ਸਮੱਸਿਆਵਾਂ ਦੇ ਗੰਭੀਰ ਦ੍ਰਿਸ਼ ਨੂੰ ਕਾਵਿ ਰਚਨਾ ਵਿੱਚ ਪ੍ਰਤਿਬਿੰਬਤ ਕਰਨਾ ਸ਼ਾਇਰ ਦਾ ਫਰਜ਼ ਹੈ। ਉਹ ਮੰਨਦੇ ਹਨ ਕਿ ਸਿਰਫ਼ ਮਨੋਰੰਜਨ ਜਾਂ ਸੁਹਜ਼ਤਾ ਲਈ ਨਹੀਂ ਬਲਕਿ ਸਮਾਜਕ ਯਥਾਰਥ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਸ਼ਾਇਰੀ ਹੀ ਸਥਿਰ ਅਤੇ ਦੀਰਘਕਾਲੀ ਮਹੱਤਵ ਰੱਖਦੀ ਹੈ। ਇਸ ਤਰ੍ਹਾਂ ਦੀ ਸ਼ਾਇਰੀ ਸਮਾਜਕ ਚੇਤਨਾ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਸਮਾਜ ਦੇ ਦਰਪਣ ਵਜੋਂ ਕੰਮ ਕਰਦੀ ਹੈ। ਉਨ੍ਹਾਂ ਦੀ ਰਚਨਾ ਵਿੱਚ ਇਹ ਧਾਰਨਾ ਪ੍ਰਗਟ ਹੁੰਦੀ ਹੈ ਕਿ ਕਵੀ ਦੀ ਜ਼ਿੰਮੇਵਾਰੀ

ਸਿਰਫ਼ ਸੁੰਦਰਤਾ ਦੀ ਸਥਾਪਨਾ ਨਹੀਂ ਬਲਕਿ ਸਮਾਜਕ ਹਕੀਕਤਾਂ ਦੀ ਤਸਵੀਰਕਸ਼ੀ ਵੀ ਹੋਣੀ ਚਾਹੀਦੀ ਹੈ। ਇਹਨਾਂ ਸਤਰਾਂ ਵਿਚ ਕਵੀ ਇਸੇ ਧਾਰਨਾ ਦੀ ਪੈਰਵੀ ਕਰਦਾ ਹੈ:

*ਹਨੇਰੇ ਘਰ ' ਚ ਮੁਰਝਾਏ, ਧੁਆਂਖੇ ਜ਼ਰਦ ਚਿਹਰੇ*
*ਜੇ ਸ਼ਾਇਰ ਏ ਯਥਾਰਥ ਦਾ, ਨਾ ਐਵੇਂ ਆਫ਼ਤਾਬ ਲਿਖ*
*ਸਮਾਂ ਪਾ ਕੇ ਜੋ ਮਰ ਜਾਏਗੀ, ਉਸ ਸ਼ਾਇਰੀ ਦਾ ਕੀ*
*ਜੋ ਸਦੀਆਂ ਤੱਕ ਰਹੇ ਜ਼ਿੰਦਾ, ਕੋਈ ਐਸੀ ਕਿਤਾਬ ਲਿਖ।*[4]

ਡਾ. ਜਗਤਾਰ ਦੀ ਕਵਿਤਾ ਵਿੱਚ ਦਲਿਤ ਪ੍ਰਸੰਗ ਇੱਕ ਕੇਂਦਰੀ ਸਮਾਜਕ ਸਰੋਕਾਰ ਵਜੋਂ ਉਭਰਦਾ ਹੈ, ਜੋ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਉਸਨੇ ਦਲਿਤ ਵਰਗ ਦੀ ਜੀਵਨ ਹਕੀਕਤ ਨੂੰ ਨਾ ਸਿਰਫ਼ ਸਮਾਜਕ ਵਿਤਕਰੇ ਵਜੋਂ ਵੇਖਿਆ ਗਿਆ ਹੈ, ਬਲਕਿ ਉਸ ਨੂੰ ਇਕ ਤਰ੍ਹਾਂ ਦੀ ਤ੍ਰਾਸਦੀਕ ਹਕੀਕਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਵਰਗ ਆਪਣੀ ਰੋਜ਼ੀ-ਰੋਟੀ ਲਈ ਆਪਣੀ ਕਿਰਤ 'ਤੇ ਨਿਰਭਰ ਰਹਿੰਦਾ ਹੈ ਪਰ ਉਨ੍ਹਾਂ ਦੀ ਮਿਹਨਤ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਮਾਜਕ ਮਾਨਤਾ, ਆਜ਼ਾਦੀ ਅਤੇ ਆਤਮ-ਗੌਰਵ ਪ੍ਰਾਪਤ ਨਹੀਂ ਹੁੰਦੇ।

ਡਾ. ਜਗਤਾਰ ਦੀ ਕਵਿਤਾ ਅਜਿਹੀ ਸਾਂਝੀ ਸਮਾਜਕ ਚੇਤਨਾ ਨੂੰ ਉਜਾਗਰ ਕਰਦੀ ਹੈ ਜੋ ਹੇਠਲੇ ਵਰਗਾਂ ਦੇ ਅਧਿਕਾਰਾਂ ਅਤੇ ਪਛਾਣ ਦੀ ਗੱਲ ਕਰਦੀ ਹੈ। ਇਹ ਸਿਰਫ਼ ਦਲਿਤ ਦਰਦ ਦੀ ਪ੍ਰਸਤੁਤੀ ਨਹੀਂ, ਸਗੋਂ ਉਹ ਇੱਕ ਪ੍ਰਤੀਰੋਧੀ ਆਵਾਜ਼ ਵਜੋਂ ਵੀ ਸਾਹਮਣੇ ਆਉਂਦੀ ਹੈ ਜੋ ਸੰਵਿਧਾਨਕ ਬਰਾਬਰੀ ਅਤੇ ਮਨੁੱਖ ਦੇ ਮੂਲ ਅਧਿਕਾਰਾਂ ਦੀ ਮੰਗ ਕਰਦੀ ਹੈ। ਇਹ ਸਤਰਾਂ ਵਿਚ ਯਥਾਰਥ ਨੂੰ ਤ੍ਰਾਸਦੀ ਦੇ ਰੂਪ ਇਸ ਪ੍ਰਕਾਰ ਪੇਸ਼ ਕੀਤਾ ਹੈ:

*ਸਾਡੇ ਖੇਤ ਨਹੀਂ ਹੁੰਦੇ*
*ਸਾਡੇ ਘਰਾਂ ਵਿਚ ਕਣਕ ਨਹੀਂ ਆਉਂਦੀ*
*ਪਰ ਜਦੋਂ ਅਸੀਂ*
*ਮਿੱਟੀ ਵਿਚ ਪੱਲੜ ਰਲਾ ਕੇ*
*ਕੰਧਾਂ ਕੋਠਿਆਂ ਨੂੰ ਲਿਪਦੇ ਹਾਂ*
*ਤਾਂ ਕਣਕ ਸਾਡੇ ਬਨੇਰਿਆਂ ' ਉੱਗਦੀ ਹੈ*
..............
*ਸਾਡੇ ਘਰਾਂ ਵਿਚ ਸਿਲ੍ਹੇ ਦਾਣੇ ਆਉਂਦੇ ਹਨ*
*ਪਿੜਾਂ ਦੀ ਹੂੰਝ ਆਉਂਦੀ ਹੈ*
*ਪਰ ਕਣਕ ਨਹੀਂ ਆਉਂਦੀ।*[5]

ਡਾ. ਜਗਤਾਰ ਦੀ ਸ਼ਾਇਰੀ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਾਪਰ ਰਹੇ ਸਮਕਾਲੀ ਵਰਤਾਰਿਆਂ ਪ੍ਰਤੀ ਵੀ ਗੰਭੀਰ ਚਿੰਤਾ ਅਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਹੁੰਦਾ ਹੈ। ਉਹ ਆਪਣੀ ਕਾਵਿ ਰਚਨਾ ਰਾਹੀਂ ਨਾ ਸਿਰਫ ਸਥਾਨਕ ਸਮਾਜਕ ਵਿਸ਼ਿਆਂ ਨੂੰ ਛੂੰਹਦਾ ਹੈ ਬਲਕਿ ਵਿਸ਼ਵ ਪੱਧਰੀ ਪਰਿਪੇਖ ਵਿੱਚ ਵਾਪਰ ਰਹੀਆਂ ਘਟਨਾਵਾਂ, ਸੰਘਰਸ਼ਾਂ ਉੱਤੇ ਵੀ ਗਹਿਰੀ ਚੋਟ ਕਰਦਾ ਹੈ। ਇਸ ਤਰ੍ਹਾਂ ਉਨ੍ਹਾਂ ਦੀ ਕਵਿਤਾ ਇਕ ਵਿਸ਼ਾਲ ਸਮਾਜਕ-ਸਾਂਸਕ੍ਰਿਤਕ ਸੰਦਰਭ ਸਥਾਪਤ ਕਰਦੀ ਹੈ। ਉਹ ਕਾਵਿ ਰਾਹੀਂ ਰਾਜਸੀ ਘਰਾਣਿਆਂ ਅਤੇ ਸਰਮਾਏਦਾਰ ਸ਼੍ਰੇਣੀ ਦੀ ਸਮੀਖਿਆ ਕਰਦੇ ਹਨ ਜਿਸ ਨੇ ਸੰਖਿਆ ਵਿੱਚ ਘੱਟ ਹੋਣ ਦੇ ਬਾਵਜੂਦ ਵਿਸ਼ਵ ਪੱਧਰ 'ਤੇ ਆਮ ਜਨਤਾ ਉੱਤੇ ਸੱਤਾਵਾਦੀ ਕਬਜ਼ਾ ਬਣਾਇਆ ਹੋਇਆ ਹੈ। ਇਹ ਸੱਤਾਤਮਕ ਢਾਂਚਾ ਨਾ ਕੇਵਲ ਇੱਕ ਦੇਸ਼ ਦੀ ਹੱਦ ਤੱਕ ਸੀਮਤ ਰਹਿੰਦਾ ਹੈ, ਸਗੋਂ ਵਿਸ਼ਵ ਪੱਧਰ 'ਤੇ ਆਪਣੀ ਕਾਰਗੁਜ਼ਾਰੀ ਕਰ ਰਿਹਾ ਹੈ। ਉਸਦੀ ਕਵਿਤਾ ਵਿਸ਼ੇਸ਼ ਤੌਰ 'ਤੇ ਯੁੱਧ ਸਬੰਧੀ ਸੰਦਰਭ ਵਿਚ ਇੱਕ ਸੰਵੇਦਨਸ਼ੀਲ ਅਤੇ ਯਥਾਰਥਕ ਦਰਸ਼ਨ ਪੇਸ਼ ਕਰਦੀ ਹੈ, ਜਿਸ ਵਿੱਚ ਉਹ ਦੱਸਦੇ ਹਨ ਕਿ ਜੰਗਾਂ ਦੇ ਨਤੀਜੇ ਵਜੋਂ ਆਖ਼ਰੀ ਨੁਕਸਾਨ ਆਮ ਜਨਤਾ, ਖਾਸ ਕਰਕੇ ਨੌਜਵਾਨ ਸੈਨਿਕਾਂ ਨੂੰ ਭੋਗਣਾ ਪੈਂਦਾ ਹੈ। ਉਹ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਇਹ ਨੌਜਵਾਨ ਸ਼ੌਕ ਵਜੋਂ ਨਹੀਂ, ਸਗੋਂ ਆਰਥਕ ਮਜ਼ਬੂਰੀਆਂ ਜਿਵੇਂ ਰੋਜ਼ਗਾਰ ਦੀ ਘਾਟ, ਰੋਟੀ, ਕੱਪੜਾ ਅਤੇ ਮਕਾਨ ਆਦਿ ਮੁਢਲੀਆਂ ਲੋੜਾਂ ਦੇ ਕਾਰਨ ਫ਼ੌਜ ਵਿਚ ਭਰਤੀ ਹੋਣ ਲਈ ਮਜਬੂਰ ਹੁੰਦੇ ਹਨ। ਇਸ ਬਾਰੇ ਡਾ. ਜਗਤਾਰ ਲਿਖਦਾ ਹੈ:

*ਬੜੀ ਅਣਜਾਣ ਹੇ ਅੰਮਾਂ*
*ਜੇ ਘਰ ਵਿਚ ਰੋਟੀਆਂ*
*ਸਾਡੀ ਹਿਫ਼ਾਜ਼ਤ ਜੋਗੀਆਂ ਹੁੰਦੀਆਂ*
*ਅਸੀਂ ਰਣਭੂਮੀ ਵਿਚ ਕਿਉਂ*
*ਗੋਲੀਆਂ ਦਾ ਸਾਹਮਣਾ ਕਰਦੇ*
..........
*ਇਹ ਫ਼ਸਲਾਂ ਵੀ*
*ਜੋ ਖੇਤਾਂ ਵਿਚ ਅੱਜ ਕੱਲ ਪਲਦੀਆਂ ਨੇ*
*ਇਹੋ ਮੰਡੀ ਵਿਚ ਜਾ ਕੇ*
*ਗੋਲੀਆਂ ਵਿਚ ਢਲਦੀਆਂ ਨੇ।*[6]

ਆਧੁਨਿਕ ਸਮਾਜ ਵਿਚ ਮਨੁੱਖ ਆਪਣੇ ਆਪ ਨੂੰ ਪ੍ਰਕਿਰਤਕ ਸਮਾਜ ਤੋਂ ਵੱਖ ਸਮਝਦਾ ਹੋਇਆ ਵੱਖਰੇ ਸਮਾਜ ਤੰਤਰ ਵਿਚ ਰਿਸ਼ਤਿਆਂ ਨੂੰ ਸਿਰਜ ਕੇ ਸਮਾਜ-ਰਾਜਨੀਤਕ ਸੰਰਚਨਾ ਵਿਚ ਜਿਊਂਦਾ ਹੈ। ਇਹ ਸੰਰਚਨਾ ਵਿਅਕਤੀ

ਨੂੰ ਚਾਹੇ ਅਚੇਤਨ ਰੂਪ ਵਿੱਚ ਹੋਵੇ ਜਾਂ ਚੇਤਨ ਰੂਪ ਵਿਚ, ਇੱਕ ਅਜਿਹੀ ਅੰਦਰੂਨੀ ਗੁਲਾਮੀ ਵਿਚ ਬੰਨ੍ਹ ਕੇ ਰੱਖਦੀ ਹੈ, ਜਿਸ ਤੋਂ ਉਹ ਬਾਹਰ ਨਹੀਂ ਨਿਕਲ ਸਕਦਾ। ਇਤਿਹਾਸ ਇਸਦਾ ਗਵਾਹ ਹੈ ਕਿ ਰਾਜਸੀ ਅਤੇ ਸੱਤਾ ਸੰਪਨ ਤਾਕਤਾਂ ਸਦਾ ਹੀ ਆਮ ਮਨੁੱਖ ਨੂੰ ਹੋਣੀ ਦਾ ਸ਼ਿਕਾਰ ਬਣਾ ਲੈਂਦੀਆਂ ਹਨ।

*"ਅਜੋਕੇ ਸਮਾਜਕ ਵਰਤਾਰੇ ਨੇ ਵਿਅਕਤੀ ਦੇ ਮਨ ਵਿੱਚ ਦਹਿਸ਼ਤ, ਡਰ, ਭੈ, ਸਹਿਮ ਭਰ ਦਿੱਤਾ ਹੈ। ਇਹ ਵਰਤਾਰਾ ਵੱਖ- ਵੱਖ ਦਹਿਸ਼ਤੀ ਸੰਕਟਾਂ ਦੀ ਪਿਛੇ ਛੱਡੀ ਪਰਛਾਈ ਹੈ। ਜਿਸਨੂੰ ਹਰ ਵਿਅਕਤੀ ਸਮਾਜ ਵਿੱਚ ਰਹਿੰਦਾ ਹੋਇਆ ਹੰਢਾ ਰਿਹਾ ਹੈ ਅਤੇ ਮਾਨਵੀ ਰਿਸ਼ਤੇ ਅਤੇ ਸੱਚ ਨੂੰ ਬਚਾਈ ਰੱਖਣ ਲਈ ਕੋਈ ਨਾ ਕੋਈ ਹੀਲਾ ਕਰ ਰਿਹਾ ਹੈ। ਅਸਲ ਵਿਚ ਇਹ ਸਮਾਜਕ ਇਕਾਈਆਂ ਦੇ ਮਨ ਵਿੱਚ ਵਸਿਆ ਉਹ ਨਿੱਗਰ ਸੱਚ ਹੈ ਜ਼ਿੰਦਗੀ ਨੂੰ ਅਰਥ ਪ੍ਰਦਾਨ ਕਰਦਾ ਹੈ ਪਰ ਬਾਵਜੂਦ ਇਹਨਾਂ ਹਾਂ ਮੁਖੀ ਸੰਬੰਧਾਂ ਦੇ ਇਹ ਸਮਾਜਕ ਇਕਾਈਆਂ ਨੂੰ ਪਰਸਪਰ ਦੂਰ ਕਰ ਰਿਹਾ ਹੈ, ਜਿਥੇ ਇਹ ਰਾਜਸੀ ਤੰਤਰ ਨਾਲ ਤਦਰੂਪਤਾ ਧਾਰਨ ਕਰਦਾ ਹੈ।"*[7]

ਇਸ ਪ੍ਰਕਾਰ ਇਤਿਹਾਸ ਨੂੰ ਬਦਲਣ ਲਈ ਅਤੇ ਮਾਨਵੀ ਇਕਾਈਆਂ ਨੂੰ ਹੌਂਸਲਾ ਦੇਣ ਲਈ ਦ੍ਰਿੜ ਨਿਸ਼ਚੇ, ਆਤਮ-ਚੇਤਨਾ ਅਤੇ ਮਨੁੱਖੀ ਇੱਛਾ ਸ਼ਕਤੀ ਦੀ ਲੋੜ ਹੈ। ਡਾ. ਜਗਤਾਰ ਦੀ ਸ਼ਾਇਰੀ ਇਨ੍ਹਾਂ ਹੀ ਸੰਕਟਾਂ ਦੀ ਪਛਾਣ ਕਰਦੇ ਹੋਏ ਇੱਕ ਅਜਿਹੇ ਰਚਨਾਤਮਕ ਪ੍ਰਤਿਰੋਧ (creative resistance) ਰੂਪ ਵਿੱਚ ਸਾਹਮਣੇ ਆਉਂਦੀ ਹੈ, ਜੋ ਨਿਰਾ ਵਿਸ਼ਲੇਸ਼ਣ ਨਹੀਂ ਕਰਦੀ, ਸਗੋਂ ਇੱਕ ਸੰਘਰਸ਼ ਦਾ ਰਾਹ ਦਰਸਾਉਂਦੀ ਹੈ:

*ਮੈਂ ਫਾਂਸੀ ਚੜਨ ਤੋਂ ਪਹਿਲਾਂ*
*ਦਰੱਖਤਾਂ ਨੂੰ ਦੁਆ ਦਿਤੀ*
*ਹਰੇ ਰਹਿਣਾ, ਭਰੇ ਰਹਿਣਾ*
*ਸਦਾ ਨਿਰਭਉ ਵੀ ਰਹਿਣਾ*
*ਸਦਾ ਨਿਰਵੈਰ ਵੀ ਰਹਿਣਾ*
*ਮਗਰ ਗੁਮਰਾਹ ਨਾ ਹੋਣਾ*
*ਤੁਹਾਡੇ ਤੋਲ ਭਗਵਾਂ ਰੰਗ ਜੇ ਆਵੇ*
*ਤਾਂ ਸੀਸ—ਆਸਣ ਨਹੀ ਹੋਣਾ*
*ਜੇ ਆਵੇ ਕੇਸਰੀ ਤਾਂ ਢਾਲ ਨਾ ਬਣਨਾ*
*ਤਰੰਗੇ ਰੰਗ ਦੇ ਹਰ ਜਾਲ ਤੋਂ*
*ਤੇ ਚਾਲ ਤੋਂ ਬਚਣਾ।*[8]

ਸਮਾਜਕ ਵਰਤਾਰੇ ਦੇ ਹਰ ਪੱਖ ਵਿਚ ਸਮੇਂ ਦੇ ਨਾਲ ਨਵੀਂ ਸਥਿਤੀਆਂ ਉਤਪੰਨ ਹੁੰਦੀਆਂ ਹਨ, ਜਿਨ੍ਹਾਂ ਦੇ ਨਾਲ ਬਦਲਾਅ ਆਉਣੇ ਲਾਜ਼ਮੀ ਹੁੰਦੇ ਹਨ। ਜਦੋਂ ਇਹ ਬਦਲਾਅ ਸਮਾਜ ਲਈ ਸਾਰਥਕ ਅਤੇ ਸਾਕਾਰਾਤਮਕ ਹੁੰਦੇ ਹਨ ਤਾਂ ਇਹ ਸਮਾਜਕ ਤਰੱਕੀ ਵਿਚ ਯੋਗਦਾਨ ਪਾਉਂਦੇ ਹਨ ਪਰ ਜੇ ਇਹ ਬਦਲਾਅ ਨਕਾਰਾਤਮਕ ਹੋਣ ਲੱਗਣ, ਜਿਵੇਂ ਕਿ ਮਾਨਵੀ ਮੁੱਲਾਂ, ਕਦਰਾਂ ਕੀਮਤਾਂ ਦਾ ਘਾਣ ਹੋਵੇ ਤਾਂ ਇਹ ਸੰਕਟ ਦਾ ਕਾਰਨ ਬਣਦੇ ਹਨ। ਅਜੋਕੇ ਪੂੰਜੀਵਾਦੀ ਦੌਰ ਵਿੱਚ ਇਹ ਨਕਾਰਾਤਮਕ ਰੁਝਾਨ ਵੱਧ ਰਹੇ ਹਨ, ਜਿੱਥੇ ਆਮ ਜਨਤਾ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਸਿਰਫ਼ ਸਰਮਾਏਦਾਰ ਹੀ ਨਹੀਂ, ਸਗੋਂ ਉਹ ਸਮਾਜਕ ਸੰਸਥਾਵਾਂ ਤੇ ਵਰਗ ਵੀ ਸ਼ਾਮਲ ਹਨ ਜੋ ਆਪਣੇ ਆਪ ਨੂੰ ਲੋਕ ਸੇਵਕ ਦੱਸਦੇ ਹਨ ਪਰ ਅਸਲ ਵਿਚ ਸ਼ੋਸ਼ਣ ਕਰ ਰਹੇ ਹੁੰਦੇ ਹਨ। ਧਾਰਮਕ ਆਗੂ ਲੋਕਾਂ ਦੀ ਆਸਥਾ ਨੂੰ ਮੋਹਰਾ ਬਣਾਕੇ ਆਪਣੇ ਸਵਾਰਥ ਪੂਰੇ ਕਰਦੇ ਹਨ, ਜਦਕਿ ਰਾਜਨੀਤਕ ਨੇਤਾ ਪੂੰਜੀਪਤੀਆਂ ਨਾਲ ਮਿਲ ਕੇ ਸੱਤਾ ਦੀ ਲਾਲਸਾ ਵਿਚ ਜਨਤਾ ਦੇ ਹਿੱਤਾਂ ਦੀ ਉਲੰਘਣਾ ਕਰਦੇ ਹਨ।

ਇਸ ਸਮਾਜਕ ਤੇ ਰਾਜਨੀਤਕ ਹਨੇਰੇ ਨੂੰ ਡਾ. ਜਗਤਾਰ ਆਪਣੀ ਰਚਨਾ ਰਾਹੀਂ ਉਜਾਗਰ ਕਰਦਾ ਹੈ। ਉਹ ਸਮਾਜਕ ਤੇ ਰਾਜਨੀਤਕ ਢਾਂਚੇ ਦੀ ਸੱਚਾਈ ਤੇ ਯਥਾਰਥ ਨੂੰ ਸਾਹਮਣੇ ਲਿਆਉਂਦੇ ਹਨ, ਜੋ ਕਿ ਇੱਕ ਚੇਤਨਸ਼ੀਲ ਲੇਖਕ ਦੀ ਜਿੰਮੇਵਾਰੀ ਵੀ ਹੈ। ਉਹ 1975 ਦੇ ਰਾਜਸੀ ਅਪਰਾਧੀਕਰਨ ਦੇ ਹਾਲਾਤਾਂ ਨੂੰ ਅਧਾਰ ਬਣਾ ਕੇ ਅਜਿਹੇ ਯਥਾਰਥ ਨੂੰ ਪੇਸ਼ ਕਰਦਾ ਹੈ:

*ਹਰ ਇਕ ਤਾਈਂ ਏਹੀ ਤਾੜਨਾ ਹੈ*
*ਕਿ ਜੋ ਵੀ ਸ਼ਹਿਰ ਨੂੰ ਜਾਏ*
*ਉਹ ਢਿੱਡ ਦੀ ਅੱਗ ਦੀ*
*ਫੁੱਲਾਂ ਦੇ ਅਗਵਾ ਦੀ*
*ਗੁਆਚੀ ਛਾਂ ਦੀ ਕੋਈ ਬਾਤ ਨਾ ਛੇੜੇ*
*ਕਿਸੇ ਕੁਰਸੀ ਨੂੰ ਨਾ ਖ਼ਤਰੇ ' ਚ ਪਾਵੇ*
*ਨਾ ਖ਼ੁਦ ਖ਼ਤਰਾ ਸਹੇੜੇ।*[9]

ਡਾ. ਜਗਤਾਰ ਦੀ ਕਵਿਤਾ ਵਿਚ ਪ੍ਰਗਟ ਹੋਣ ਵਾਲੀ ਸੰਘਰਸ਼ ਦੀ ਭਾਵਨਾ ਪੂੰਜੀਪਤੀਆਂ ਅਤੇ ਸਾਮਰਾਜੀ ਤਾਕਤਾਂ ਵਲੋਂ ਹੋ ਰਹੇ ਲੋਕਾਂ ਦੇ ਸ਼ੋਸ਼ਣ ਦੀ ਸਿੱਧੀ ਪ੍ਰਤੀਕਿਰਿਆ ਵਜੋਂ ਵੇਖੀ ਜਾ ਸਕਦੀ ਹੈ। ਸਮਾਜਕ ਤੇ ਰਾਜਨੀਤਕ ਦੋਵੇਂ ਪੱਧਰਾਂ ਉੱਤੇ ਆਮ ਜਨਤਾ ਜਿਸ ਅਨਿਆਂ ਦਾ ਸਾਹਮਣਾ ਕਰ ਰਹੀ ਹੈ, ਜਗਤਾਰ ਉਸ ਦੇ ਵਿਰੁੱਧ ਇੱਕ ਤਿੱਖੀ ਸੁਰ ਵਾਲੀ ਤੇ ਜਾਗਰੂਕਤਾ ਭਰਪੂਰ

ਕਵਿਤਾ ਰਚਦਾ ਹੈ। ਉਸ ਦੀ ਕਾਵਿ-ਦ੍ਰਿਸ਼ਟੀ ਸਿਰਫ਼ ਘਟਨਾਵਾਂ ਦੀ ਵਿਆਖਿਆ ਕਰਨ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਉਹ ਵਿਦਰੋਹ, ਚੇਤਨਾ ਅਤੇ ਕਰਮ ਦੀ ਪ੍ਰੇਰਣਾ ਵੀ ਪੈਦਾ ਕਰਦੀ ਹੈ।

ਡਾ. ਜਗਤਾਰ ਦੀ ਕਵਿਤਾ ਵਿੱਚ ਵਰਤੇ ਗਏ ਬੋਲ, ਅਲੰਕਾਰ ਅਤੇ ਲਹਿਜਾ ਆਦਿ ਸਭ ਮਿਲ ਕੇ ਕਦੇ ਕਦੇ ਉਪਦੇਸ਼ਾਤਮਕ ਸੁਰ ਵੀ ਉਚਾਰਦੇ ਨਜ਼ਰ ਆਉਂਦੇ ਹਨ । ਉਹ ਇੱਕ ਅਜਿਹੇ ਮਨੁੱਖੀ ਕਾਲਪਨਿਕ ਯਥਾਰਥ ਨੂੰ ਦਰਸਾਉਂਦਾ ਹੈ ਜੋ ਵਿਅਕਤੀਗਤ ਖੁਸ਼ਹਾਲੀ ਤੋਂ ਉੱਪਰ ਉਠ ਕੇ ਸਮੂਹਕ ਮੁਕਤੀ, ਅਮਨ ਅਤੇ ਸਮਾਜਕ ਨਿਆਂ ਦੀ ਤਰਫ਼ਦਾਰੀ ਕਰਦਾ ਹੈ। ਅਜਿਹੇ ਸਮਾਜਕ ਤੇ ਰਾਜਸੀ ਅਨਿਆਂ ਦੇ ਖਿਲਾਫ਼ ਸੰਘਰਸ਼ ਦਾ ਨਾਅਰਾ ਲਗਾਉਣਾ ਪ੍ਰਗਤੀਸ਼ੀਲ ਕਵੀ ਦਾ ਉਦੇਸ਼ ਵੀ ਹੈ। ਇਹ ਸਮਾਜਕ ਤੇ ਰਾਜਸੀ ਪੱਖ ਦਾ ਯਥਾਰਥ ਵੀ ਹੈ ਤੇ ਚੇਤਨਾ ਵੀ ਹੈ:

*ਕਮ ਦਿਲਾਂ ਨੂੰ ਦਿਲ, ਨ ਪਰਿਆਂ ਨੂੰ ਪਰ ਦਈਂ*
*ਯਾ ਖ਼ੁਦਾ ਸਭ ਬੇਘਰਾਂ ਨੂੰ ਘਰ ਦਈਂ।*
*ਸਾਰਿਆ ਦੇਸਾਂ ਨੂੰ ਬਖ਼ਸ਼ੀਂ ਤੂੰ ਅਮਨ*
*ਸਭ ਗੁਲਾਮਾਂ ਨੂੰ ਸੁਤੰਤਰ ਕਰ ਦਈਂ।* [10]

ਡਾ. ਜਗਤਾਰ ਦੀ ਕਵਿਤਾ ਸਮਾਜ ਦੇ ਹੇਠਲੇ ਅਤੇ ਮੱਧ ਵਰਗ ਦੀ ਆਵਾਜ਼ ਬਣਦੀ ਹੈ। ਉਹ ਆਮ ਮਨੁੱਖ ਦੇ ਦੁਖਾਂਤ, ਰਾਜਨੀਤਕ ਬੇਇਨਸਾਫ਼ੀ ਅਤੇ ਆਰਥਕ ਥੁੜਾਂ ਨੂੰ ਕੇਂਦਰ ਵਿੱਚ ਰੱਖ ਕੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਉਹ ਮਨੁੱਖੀ ਚੇਤਨਾ ਨੂੰ ਜਗਾਉਂਦਾ ਹੈ ਅਤੇ ਸਮਾਜਕ ਬਦਲਾਅ ਵੱਲ ਪ੍ਰੇਰਿਤ ਕਰਦਾ ਹੈ। ਰੋਜ਼ਾਨਾ ਜ਼ਿੰਦਗੀ ਵਿਚ ਆਉਣ ਵਾਲੀਆਂ ਆਰਥਕ, ਰਾਜਨੀਤਕ ਅਤੇ ਸਮਾਜਕ ਚੁਣੌਤੀਆਂ ਨੂੰ ਵੱਖ-ਵੱਖ ਪੱਧਰਾਂ 'ਤੇ ਉਜਾਗਰ ਕੀਤਾ ਗਿਆ ਹੈ। ਸਭ ਤੋਂ ਵੱਡਾ ਧਿਆਨ ਕੇਂਦਰਤ ਕਰਨ ਵਾਲੀ ਗੱਲ ਇਹ ਹੈ ਜੋ ਹੇਠਲੀ ਸ਼੍ਰੇਣੀ ਦੇ ਲੋਕਾਂ ਨਾਲ ਵਾਪਰ ਰਿਹਾ ਹੈ। ਇਹ ਵਰਗ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਆਪਣੇ ਹੱਕਾਂ ਤੋਂ ਵਾਂਝਾ ਰਹਿੰਦਾ ਹੈ। ਜਿਸ ਵਿਚ ਸਖ਼ਤ ਮਿਹਨਤ ਦਾ ਮੁੱਲ ਨਹੀਂ ਮਿਲਦਾ, ਸਗੋਂ ਜਦੋਂ ਉਹ ਅਨਿਆਂ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦੀ ਸੁਣਵਾਈ ਵੀ ਨਹੀਂ ਹੁੰਦੀ। ਇਸ ਤਰ੍ਹਾਂ, ਕਵੀ ਰਾਜਸੀ ਪ੍ਰਣਾਲੀ ਦੀ ਨਾਕਾਮੀ, ਰਿਸ਼ਵਤਖੋਰੀ, ਬੇਰੁਜ਼ਗਾਰੀ ਅਤੇ ਮਹਿੰਗਾਈ ਵਰਗੀਆਂ ਬੁਰਾਈਆਂ ਦੀ ਨਿਖ਼ੇਧੀ ਕਰਦਾ ਹੈ, ਜੋ ਹੇਠਲੀ ਸ਼੍ਰੇਣੀ ਦੇ ਜੀਵਨ ਪੱਧਰ ਨੂੰ ਬਦਤਰ ਕਰ ਰਹੀਆਂ ਹਨ।

ਇਸੇ ਤਰ੍ਹਾਂ ਮੱਧ ਸ਼੍ਰੇਣੀ ਵੀ ਇਕ ਵਿਸ਼ੇਸ਼ ਤਣਾਅ ਦੀ ਸਥਿਤੀ ਵਿਚ ਹੈ। ਉਹ ਉੱਪਰਲੀ ਸ਼੍ਰੇਣੀ ਵਾਂਗ ਸੁੱਖ-ਸੁਵਿਧਾਵਾਂ ਦੀ ਇੱਛਾ ਰੱਖਦੀ ਹੈ ਪਰ ਹੇਠਲੀ ਤੇ ਉੱਪਰਲੀ ਸ਼੍ਰੇਣੀ ਦੇ ਵਿਚਕਾਰ ਫਸ ਕੇ ਆਪਣੇ ਸੁਪਨਿਆਂ ਦੀ ਕੁਰਬਾਨੀ ਦੇ ਰਹੀ ਹੈ। ਆਰਥਕ ਥੁੜਾਂ ਅਤੇ ਬੇਰੁਜ਼ਗਾਰੀ ਨੇ ਇਸ ਵਰਗ ਦੇ ਜੀਵਨ ਨੂੰ ਵੀ ਅਸਥਿਰ ਕਰ ਦਿੱਤਾ ਹੈ। ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਤਾਕੀਦ ਕਰਦਾ ਹੈ ਕਿ ਉਹ ਹਾਲਾਤਾਂ ਦੇ ਅਨਕੂਲ ਹੋ ਕੇ ਆਪਣੇ ਹੱਕਾਂ ਲਈ ਅੱਗੇ ਵਧੇ, ਕਿਉਂਕਿ ਇਤਿਹਾਸ ਵੱਲ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਜ਼ਿੰਦਗੀ ਹਮੇਸ਼ਾ ਹੀ ਮੁਸ਼ਕਲਾਂ ਦੇ ਬਾਵਜੂਦ ਅੱਗੇ ਵਧਣ ਦਾ ਨਾਮ ਰਹੀ ਹੈ। ਇਹ ਪੰਕਤੀਆਂ ਕਵੀ ਦੀ ਗਹਿਰੀ ਸਮਾਜਕ ਸੰਵੇਦਨਾ ਨੂੰ ਦਰਸਾਉਂਦੀਆਂ ਹਨ। ਕਵੀ ਲਿਖਦਾ ਹੈ:

*ਜ਼ਿੰਦਗੀ ਤੋਂ ਕੋੜ ਵਲ ਨਜ਼ਰ ਨਾ ਮਾਰੋ*
*ਸਿਕਿਆਂ ਤੋਂ ਵਿਕ ਰਹੀ ਆਦਮ ਦੀ ਧੀ*
*ਦਾਣਿਆਂ ਤੋਂ ਮਰ ਰਹੇ ਹਵਾ ਦੇ ਪੁੱਤਰ*
*ਤੜਪਦੇ ਹੋਏ ਮਰੀਜ਼ ਵਿਲਕਦੇ ਹੋਏ ਯਤੀਮ।* [11]

ਅਜੋਕੇ ਸਮਾਜ ਵਿੱਚ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਇੱਕ ਗੰਭੀਰ ਸਮਾਜਕ ਅਤੇ ਰਾਜਨੀਤਕ ਸਮੱਸਿਆ ਵਜੋਂ ਉਭਰੀ ਹੈ। ਨਾਗਰਿਕਾਂ ਨੂੰ ਆਪਣੇ ਕਾਨੂੰਨੀ ਹੱਕਾਂ ਦੀ ਪ੍ਰਾਪਤੀ ਲਈ ਵੀ ਰਿਸ਼ਵਤ ਦੇਣੀ ਪੈਂਦੀ ਹੈ। ਸਰਕਾਰੀ ਦਫ਼ਤਰਾਂ ਵਿੱਚ ਆਮ ਆਦਮੀ ਦੀ ਸੁਣਵਾਈ ਨਾ ਹੋਣ ਦੇ ਕਾਰਨ, ਉਹ ਸਮੁੱਚੇ ਤੰਤਰ ਪ੍ਰਤੀ ਅਵਿਸ਼ਵਾਸ ਮਹਿਸੂਸ ਕਰਦਾ ਹੈ। ਇਹ ਸਥਿਤੀ ਛੋਟੇ ਕਰਮਚਾਰੀਆਂ ਤੋਂ ਲੈ ਕੇ ਉੱਚ ਅਧਿਕਾਰੀਆਂ ਤੱਕ ਦੇ ਭ੍ਰਿਸ਼ਟ ਹੋਣ ਦਾ ਸੰਕੇਤ ਦਿੰਦੀ ਹੈ। ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨਿਯੰਤਰਣ ਲਈ ਲੋੜੀਦੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਜਾ ਰਹੇ। ਨਤੀਜੇ ਵਜੋਂ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ ਜਿਸ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਇਸ ਤਰ੍ਹਾਂ ਦੇ ਵਾਤਾਵਰਣ ਵਿੱਚ ਸਮਾਜਕ ਅਤੇ ਆਰਥਕ ਵਿਕਾਸ ਦੀ ਗਤੀ ਰੁਕ ਜਾਂਦੀ ਹੈ। ਡਾ. ਜਗਤਾਰ ਸਮਾਜਕ ਅਤੇ ਰਾਜਨੀਤਕ ਢਾਂਚੇ ਦੀ ਸਮੀਖਿਆ ਕਰਦੇ ਹੋਏ ਸਥਿਤੀ ਦੀ ਯਥਾਰਥਕਤਾ ਨੂੰ ਬਿਆਨ ਕਰਦਾ ਹੈ ਜੋ ਇਸ ਤਰਾਂ ਹੈ :

*ਪਹਿਲੇ ਦਿਨ ਸ਼ਾਮ ਪੈਂਦਿਆਂ*
*ਸੈਆਂ ਬੱਤੀਆਂ ਦੇ ਚਾਨਣ ਵਿਚ*
*ਚੌਰਾਹੇ 'ਤੇ ਖੜੇ ਸਿਪਾਹੀ ਨੂੰ ਉਸ ਪੁੱਤ ਨੇ*
*ਮੁੱਠੀ ਗਰਮ ਕਰਦਿਆਂ ਤੱਕਿਆ।* [12]

ਸਮਾਜ ਵਿੱਚ ਆਰਥਕਤਾ ਮਨੁੱਖੀ ਜੀਵਨ ਦਾ ਪ੍ਰਮੁੱਖ ਆਧਾਰ ਹੈ। ਮਨੁੱਖੀ ਜੀਵਨ ਦੇ ਆਰਥਕ ਪੱਖ ਜਿਵੇਂ ਵਿਕਾਸ, ਰਹਿਣ ਸਹਿਣ ਅਤੇ ਲੈਣ-ਦੇਣ ਆਦਿ ਸਾਰੇ ਇਸਦੇ ਆਧਾਰ 'ਤੇ ਨਿਰਭਰ ਕਰਦੇ ਹਨ। ਜਦੋਂ ਆਰਥਕਤਾ ਦੇ ਆਧਾਰ 'ਤੇ ਸਮਾਜਕ ਵੰਡ ਕੀਤੀ ਜਾਂਦੀ ਹੈ ਤਾਂ ਇਹ ਆਮ ਤੌਰ 'ਤੇ ਦੋ

ਧਿਰਾਂ ਵਿੱਚ ਵੰਡ ਜਾਂਦੀ ਹੈ: ਇਕ ਅਮੀਰ ਧਿਰ ਜੋ ਆਰਥਕ ਸਾਧਨਾਂ ਉਤੇ ਕਬਜ਼ਾ ਰੱਖਦੀ ਹੈ ਅਤੇ ਦੂਜੀ ਗਰੀਬ ਧਿਰ ਜੋ ਮਿਹਨਤ ਅਤੇ ਮੁਸ਼ੱਕਤ ਨਾਲ ਜੀਵਨ ਬਤੀਤ ਕਰਦੀ ਹੈ।

ਇਹ ਆਰਥਕ ਵੰਡ ਸਿਰਫ ਸੰਪੱਤੀ ਦੀ ਅਸਮਾਨਤਾ ਹੀ ਨਹੀਂ ਪੈਦਾ ਕਰਦੀ, ਸਗੋਂ ਮਨੁੱਖੀ ਸ਼ੋਸ਼ਣ ਨੂੰ ਵੀ ਜਨਮ ਦਿੰਦੀ ਹੈ। ਡਾ. ਜਗਤਾਰ ਇਸ ਅਸਮਾਨਤਾ ਦੇ ਰੁਝਾਨ ਤੋਂ ਅੰਦਰੂਨੀ ਰੂਪ ਵਿਚ ਹਰ ਆਰਥਕ ਅਤੇ ਸਮਾਜਕ ਸਹੂਲਤ ਤੋਂ ਵੰਚਿਤ ਮਨੁੱਖ ਦੀ ਪੀੜਾ ਨਾਲ ਸੰਵੇਦਨਸ਼ੀਲਤਾ ਰੱਖਦਾ ਹੈ:

*ਕਈਆਂ ਦਿਨਾਂ ਤੋਂ ਟਾਲਦਾ ਆਇਆਂ ਹਾਂ ਮੈਂ*
*ਪਰ ਸਵੇਰੇ ਉੱਠਦਿਆਂ ਨਿੱਕੇ ਭਰਾ ਨੂੰ*
*ਵੀਹਾਂ ਉਤੇ ਪੰਜ ਮੇਰੀ ਉਮਰ ਜਿੰਨੇ*
*ਮੁਸਕਰਾਉਂਦੀ ਪਰੀ ਦੇ ਮੂੰਹ ' ਚੋਂ ਕਿਰੇ*
*ਦਾਖ਼ਲੇ ਲਈ ਫ਼ੁੱਲ ਚਾਹੀਦੇ ਨੇ*
*ਭਾਵੇਂ ਹੋਣ ਮੁਰਝਾਏ ਹੋਏ*
*ਪਰ ਮੇਰੀ ਝੋਲੀ ' ਚ ਤਾਂ ਸੁੱਕੀ ਹੋਈ ਪੱਤੀ ਵੀ ਨਹੀਂ*
*ਕਲ ਹੀ ਮੰਜੇ ' ਤੇ ਸੁੱਤੀ ਭੈਣ ਖ਼ਬਰੇ*
*ਸੁਪਨਿਆਂ ਦੇ ਕਿਹੜੇ ਸਾਲੂ ਬੁਣ ਰਹੀ ਏ*
*ਉਸਦੇ ਮੂੰਹ ' ਤੇ ਦਿਨ ਬ ਦਿਨ*
*ਜਿਉਂ ਜਿਉਂ ਹੈ ਲਾਲੀ ਚੜ ਰਹੀ*
*ਮੇਰੇ ਮੂੰਹ ' ਤੇ ਛਾ ਰਹੀ ਗੂੜੀ ਪਿਲੱਤਣ*
*ਖ਼ੈਰ .............................*
*ਹਾਲੇ ਹੋਰ ਟਾਲਾਂਗਾ ਸਮੇਂ ਨੂੰ*
*ਪਰ ਸਵੇਰੇ ਨਿੱਕੇ ਵੀਰ ਨੂੰ ਕੀ ਕਹਾਂਗਾ।* [13]

ਡਾ. ਜਗਤਾਰ ਸਮਾਜਕ ਜਾਂ ਰਾਜਸੀ ਤ੍ਰਾਸਦੀ ਨੂੰ ਪੇਸ਼ ਕਰਦਾ ਹੋਇਆ ਵਿਰਲਾਪ ਕਰਨ ਦੀ ਥਾਂ ਵਿਗਿਆਨਕ ਚੇਤਨਾ ਅਤੇ ਸੰਘਰਸ਼ ਛੇੜਨ ਦੀ ਪੇਸ਼ਕਸ਼ ਕਰਦਾ ਹੈ। ਉਹ ਸਾਮਰਾਜੀ-ਪੂੰਜੀਪਤੀ ਗਠਜੋੜ ਦਾ ਨਕਾਬ ਉਤਾਰਦਾ ਹੈ ਜੋ ਲੋਕਾਂ ਨੂੰ ਵਿਭਿੰਨ ਰਾਜਸੀ ਤੇ ਧਾਰਮਕ ਹਥਿਆਰਾਂ ਰਾਹੀਂ ਗੁੰਮਰਾਹ ਕਰਦੇ ਹਨ। ਇਹ ਤਾਕਤਾਂ ਝੂਠੇ ਲਾਰੇ ਕੇ, ਸਬਜ਼ਬਾਗ ਦਿਖਾ ਕੇ ਅਤੇ ਧੋਖੇਬਾਜ਼ੀ ਰਾਹੀਂ ਲੋਕ-ਚੇਤਨਾ ਨੂੰ ਦਬਾਉਣ ਦਾ ਉੱਦਮ ਕਰਦੀਆਂ ਹਨ। ਡਾ. ਜਗਤਾਰ ਇਹਨਾਂ ਚਾਲਾਂ ਤੋਂ ਬਚ ਕੇ ਸੰਘਰਸ਼ ਕਰਨ ਲਈ ਚੇਤਨ ਕਰਦਾ ਹੈ ਕਿ ਜੇਕਰ ਮਜ਼ਦੂਰ, ਇਸਤਰੀ, ਦਲਿਤ, ਕਾਮੇ ਅਤੇ ਮੱਧ ਵਰਗ ਇਕਜੁੱਟ ਹੋ ਜਾਣ ਤਾਂ ਇੱਕ ਨਵੀਂ ਸਮਾਜਕ ਵਿਵਸਥਾ ਦੀ ਸਿਰਜਣਾ ਸੰਭਵ ਹੈ। ਉਹ ਸੰਘਰਸ਼ ਦੀ ਜ਼ਰੂਰਤ ਨੂੰ ਸਿਰਫ਼ ਆਵਾਜ਼ ਦੇ ਕੇ ਨਹੀਂ, ਸਗੋਂ ਢਾਂਚਾਗਤ ਤੌਰ 'ਤੇ ਵਿਵਸਥਿਤ ਕਰਨ ਦੀ ਤਾਕੀਦ ਕਰਦਾ ਹੈ:

*ਤੇ ਫਿਰ ਇਕ ਰਾਤ*
*ਮੈਂ ਉਹਨਾਂ ' ਚ ਸ਼ਾਮਲ ਹੋ ਗਿਆ*
*ਜਿਨ੍ਹਾਂ ਖੇਤਾਂ ਦੀ ਮਿੱਟੀ ਚੁੰਮ ਕੇ*
*ਕਸਮ ਸੀ ਖਾਧੀ*
*ਇਹ ਸਭ ਕੁਝ ਹੋਣ ਨਹੀਂ ਦੇਣਾ।* [14]
*.....................*
*ਜੋ ਰਾਤ ਦੇ ਜੰਗਲਾਂ ' ਚੋਂ ਬੇਖ਼ੌਫ਼ ਗੁਜ਼ਰਦੇ*
*ਉਹਨਾਂ ਦੇ ਹੀ ਪੈਰਾਂ ਨੂੰ ਚੁੰਮਦੇ ਨੇ ਸਵੇਰੇ।* [15]

ਉਪਰੋਕਤ ਚਰਚਾ ਤੋਂ ਬਾਅਦ ਅਸੀ ਕਹਿ ਸਕਦੇ ਹਾਂ ਕਿ ਡਾ. ਜਗਤਾਰ ਨੇ ਸਮਾਜਕ ਤੇ ਰਾਜਸੀ ਪੱਖ ਤੋਂ ਮਨੁੱਖ ਦਾ ਕੋਈ ਪਹਿਲੂ ਅਣਛੋਹਿਆ ਨਹੀਂ ਛੱਡਿਆ ਜਿਥੇ ਮਨੁੱਖ ਉਪਰੋਕਤ ਸਰੋਕਾਰਾਂ ਤੋਂ ਅਣਭਿਜ ਹੋਵੇ। ਸਮਾਜ ਵਿਚ ਰਹਿੰਦਿਆ ਮਨੁੱਖ ਰਾਜਸੀ ਮਾਹੌਲ ਨਾਲ ਜੁੜਦਾ ਹੈ ਪਰ ਰਾਜਸੀ ਤਾਕਤਾਂ ਦੁਆਰਾ ਸਮਾਜ ਵਿਚ ਮਨੁੱਖ ਅਨਿਆਂ ਤੇ ਸ਼ੋਸ਼ਣ ਦਾ ਸਿਕਾਰ ਬਣਦਾ ਹੈ। ਡਾ. ਜਗਤਾਰ ਦੀ ਕਵਿਤਾ ਸਮਾਜਕ ਅਤੇ ਰਾਜਸੀ ਢਾਂਚੇ ਦੇ ਯਥਾਰਥ ਨੂੰ ਪੇਸ਼ ਕਰਦੇ ਹੋਏ ਮਾਨਵੀ ਮੁੱਲਾਂ ਦੀ ਰੱਖਿਆ ਲਈ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਸਮੂਹਕ ਸੰਘਰਸ਼ ਵਾਸਤੇ ਚੇਤਨਾ ਪ੍ਰਦਾਨ ਕਰਦੀ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਕੇਸਰ ਸਿੰਘ ਕੇਸਰ, ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ: 167.*
2. *ਉਦਰਤ, ਡਾ. ਬਲਜੀਤ ਕੌਰ ਰਿਆੜ, ਕੰਵਲ ਦੇ ਨਾਵਲ: ਸਮਾਜ- ਰਾਜਨੀਤਕ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, 2012, ਪੰਨਾ: 26.*

3. ਡਾ. ਜਗਤਾਰ, ਦੁਧ ਪਥਰੀ, ਦੀਪਕ ਪਬਲਿਸ਼ਰਜ਼, ਜਲੰਧਰ, 1990, ਪੰਨਾ: 98.
4. -ਉਹੀ-, ਜੁਗਨੂੰ, ਦੀਵਾ ਤੇ ਦਰਿਆ, ਦੀਪਕ ਪਬਲਿਸ਼ਰਜ਼, ਜਲੰਧਰ, 2000, ਪੰਨਾ: 38.
5. -ਉਹੀ-, ਪ੍ਰਵੇਸ਼ ਦੁਆਰ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ: 48.
6. -ਉਹੀ-, ਪੰਨਾ: 43-44.
7. ਡਾ. ਗੁਰਇਕਬਾਲ ਸਿੰਘ, ਜਗਤਾਰ ਕਾਵਿ : ਸਮੀਖਿਆ ਤੇ ਸੰਵਾਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ: 90.
8. ਡਾ. ਜਗਤਾਰ, ਪ੍ਰਵੇਸ਼ ਦੁਆਰ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ: 122-123.
9. -ਉਹੀ-, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਦੀਪਕ ਪਬਲਿਸ਼ਰਜ਼, ਜਲੰਧਰ, 2002, ਪੰਨਾ: 54.
10. -ਉਹੀ-, ਜੁਗਨੂੰ, ਦੀਵਾ ਤੇ ਦਰਿਆ,ਦੀਪਕ ਪਬਲਿਸ਼ਰਜ਼, ਜਲੰਧਰ, 2000, ਪੰਨਾ: 7.
11. -ਉਹੀ-, ਦੁੱਧ ਪਥਰੀ, ਦੀਪਕ ਪਬਲਿਸ਼ਰਜ਼, ਜਲੰਧਰ, 1990, ਪੰਨਾ: 63.
12. -ਉਹੀ-, ਪੰਨਾ: 69.
13. -ਉਹੀ-, ਪੰਨਾ: 36.
14. ਡਾ. ਜਗਤਾਰ, ਲਹੂ ਦੇ ਨਕਸ਼, ਦੀਪਕ ਪਬਲਿਸ਼ਰਜ਼, ਜਲੰਧਰ, 1996, ਪੰਨਾ: 22-23.
15. -ਉਹੀ-, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 1998, ਪੰਨਾ: 71.



***Cite this Article-***

**ਬੇਅੰਤ ਸਿੰਘ ਸਰਾਂ** (Beant Singh Sran), **ਡਾ. ਜਗਤਾਰ ਕਾਵਿ: ਸਮਾਜਕ ਤੇ ਰਾਜਸੀ ਚੇਤਨਾ (**DR. JAGTAR KAAV: SMAJAK TE RAJSI CHETNA), ***ਅਰਮਾਨ*** *(ARMAAN), ISSN: 2583-9446 (O), Volume 3, Issue 3, July-September 2025, Page: 111-117.*

***Journal URL:*** [www.armaan.org.in](www.armaan.org.in)

***DOI:*** [https://doi.org/10.64119/armaan.vol.3.issue3.17](https://doi.org/10.64119/armaan.vol.3.issue3.17)


*This article is an open access article distributed under the terms and conditions of the Creative Commons Attribution (CC BY) license ([https://creativecommons.org/licenses/by/4.0/](https://creativecommons.org/licenses/by/4.0/) ).*